# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਸੁਚੱਜੇ ਪਰਾਲੀ ਪ੍ਰਬੰਧਨ ਲਈ ਸਮਾਣਾ ਵਿਖੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬਲਾਕ ਪੱਧਰੀ ਕੈਂਪ

### ਐਸ ਡੀ ਐਮ ਰਿਚਾ ਗੋਇਲ ਨੇ ਸਰਪੰਚਾਂ ਤੇ ਨੰਬਰਦਾਰਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਆ

ਵਰਲਡ ਪੰਜਾਬੀ ਟਾਈਮਜ਼




ਸਮਾਣਾ, 5 ਅਕਤੂਬਰ:ਸੁਚੱਜੇ ਪਰਾਲੀ ਪ੍ਰਬੰਧਨ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਖੇਤੀਬਾੜੀ ਵਿਭਾਗ ਵੱਲੋਂ ਸੁਚੱਜੇ ਪਰਾਲੀ ਪ੍ਰਬੰਧਨ (ਕ੍ਰਾਪ ਰੈਜ਼ੀਡਿਊ ਮੈਨੇਜਮੈਂਟ) ਲਈ ਸਮਾਣਾ ਵਿਖੇ ਬਲਾਕ ਪੱਧਰੀ ਕੈਂਪ ਲਗਾਇਆ ਗਿਆ। ਇਸ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਸਾਂਝੀ ਅਗਵਾਈ ਹੇਠ ਪਿੰਡਾਂ ਦੇ ਸਰਪੰਚਾਂ ਅਤੇ ਨੰਬਰਦਾਰਾਂ ਨਾਲ ਪਰਾਲੀ ਦੇ ਸੁਚੱਜੇ ਪ੍ਰਬੰਧਨ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।

ਕੈਂਪ ਵਿੱਚ ਐਸ.ਡੀ.ਐਮ. ਸਮਾਣਾ ਰਿਚਾ ਗੋਇਲ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕਰਦਿਆਂ ਕਿਸਾਨਾਂ ਅਤੇ ਪਿੰਡਾਂ ਦੇ ਨੁਮਾਇੰਦਿਆਂ ਨੂੰ ਸੰਬੋਧਨ ਕੀਤਾ ਅਤੇ ਸਰਪੰਚਾਂ ਤੇ ਨੰਬਰਦਾਰਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਆ।

ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਦੀ ਸਮੱਸਿਆ ਦੇ ਹੱਲ ਲਈ ਪ੍ਰਸ਼ਾਸਨ, ਕਿਸਾਨਾਂ ਅਤੇ ਪਿੰਡਾਂ ਦੇ ਨੁਮਾਇੰਦਿਆਂ ਦਾ ਸਾਂਝਾ ਸਹਿਯੋਗ ਬੇਹੱਦ ਜ਼ਰੂਰੀ ਹੈ। ਉਨ੍ਹਾਂ ਸਰਪੰਚਾਂ ਅਤੇ ਨੰਬਰਦਾਰਾਂ ਨੂੰ ਆਪਣੇ-ਆਪਣੇ ਪਿੰਡਾਂ ਵਿੱਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਅਤੇ ਉਪਲਬਧ ਖੇਤੀ ਮਸ਼ੀਨਰੀ ਦੀ ਵਰਤੋਂ ਕਰਦਿਆਂ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨ ਲਈ ਪ੍ਰੇਰਿਤ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਡੀ.ਐਸ.ਪੀ. ਸਮਾਣਾ ਫਤਹਿ ਸਿੰਘ ਬਰਾੜ, ਏ.ਆਰ. ਕੋਆਪਰੇਟਿਵ ਸੁਸਾਇਟੀਆਂ ਸਮਾਣਾ, ਬੀ.ਡੀ.ਪੀ.ਓ. ਸਮਾਣਾ ਗੁਰਮੀਤ ਸਿੰਘ, ਤਹਿਸੀਲਦਾਰ ਸਮਾਣਾ ਅਤੇ ਸਾਰੇ ਕਲੱਸਟਰ ਅਧਿਕਾਰੀ ਮੌਜੂਦ ਸਨ। ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਪਰਾਲੀ ਪ੍ਰਬੰਧਨ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਅਤੇ ਕਿਸਾਨਾਂ ਨੂੰ ਮੁਹੱਈਆ ਕਰਵਾਈ ਜਾ ਰਹੀ ਮਸ਼ੀਨਰੀ ਬਾਰੇ ਵੀ ਜਾਣਕਾਰੀ ਦਿੱਤੀ।

## *ਬੀਐਸਐਨਐਲ ਪੈਨਸ਼ਨਰਜ਼ ਐਸੋਸੀਏਸ਼ਨ ਸੰਗਰੂਰ ਦੀ ਮਾਸਿਕ ਮੀਟਿੰਗ -ਸ਼ਹੀਦਾਂ ਦੇ ਦਿਹਾੜੇ ਨੂੰ ਸਮਰਪਿਤ ਹੋਈ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



ਸੰਗਰੂਰ 5 ਅਕਤੂਬਰ : ਬੀਐਸਐਨਐਲ ਪੈਨਸ਼ਨਰਜ਼ ਐਸੋਸੀਏਸ਼ਨ ਸੰਗਰੂਰ ਦੀ ਮੀਟਿੰਗ ਸ਼ਹੀਦ ਭਗਤ ਸਿੰਘ, ਗੁਰਸ਼ਰਨ ਭਾਅ ਜੀ ਤੇ ਕਵੀ ਪਾਸ਼ ਦੇ ਦਿਹਾੜੇ ਨੂੰ ਸਮਰਪਿਤ ਸੰਗਰੂਰ ਵਿਖੇ ਹੋਈ । ਸਾਧਾ ਸਿੰਘ ਜੀ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਤੇ ਕਿਤਾਬਾਂ ਬਾਰੇ ਦੱਸਿਆ, ਤੇ ਗੁਰਸ਼ਰਨ ਭਾਅ ਜੀ ਦੇ ਨਾਟਕਾਂ ਦੀ ਸ਼ਲਾਘਾ ਕੀਤੀ। ਵਿਛੜੇ ਸਾਥੀਆਂ ਹਰੀ ਸਿੰਘ ਮਲੇਰਕੋਟਲਾ ਤੇ ਦਰਸ਼ਨ ਲਾਲ ਸ਼ਰਮਾ ਨੂੰ ਸ਼ਰਧਾਂਜਲੀ ਦਿੱਤੀ ਗਈ। ਬਿਮਾਰ ਸਾਥੀਆਂ ਦੀ ਸਿਹਤਯਾਬੀ ਲਈ ਕਾਮਨਾ ਕੀਤੀ। ਭਾਨਾ ਜਾਦੂਗਰ (ਭਾਨਾ ਸਹਾਰਨਾ) ਨੇ ਜਾਦੂ ਦੇ ਟਰਿਕ ਵਿਖਾ ਕੇ ਸਮਝਾਇਆ ਕਿ ਇਸ ਪਿੱਛੇ ਕੋਈ ਗੈਬੀ ਸ਼ਕਤੀ ਨਹੀਂ ਹੁੰਦੀ। ਇਸ ਮੌਕੇ ਪੰਜਾਬ ਸਰਕਾਰ ਤੇ ਪੁਲਿਸ ਦੇ ਬਲ ਪ੍ਰਯੋਗ ਦੀ ਨਿਖੇਧੀ ਕੀਤੀ ਗਈ,UPI ਪੇਮੈਂਟਸ ਤੇ ਚਾਰਜ ਲਾਉਣ ਦੇ ਕੇਂਦਰ ਦੇ ਫੈਸਲੇ ਦੀ ਨਿਖੇਧੀ ਕੀਤੀ ਗਈ, ਬੀਐਸਐਨਐਲ ਮੈਨੇਜਮੈਂਟ ਵੱਲੋਂ ₹1000 ਮੈਡੀਕਲ ਭੱਤਾ ਬੰਦ ਕਰਨ ਦੇ ਫੈਸਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ,ਜ਼ਿਲ੍ਹਾ ਸਕੱਤਰ ਅਸ਼ਵਨੀ ਕੁਮਾਰ ਨੇ ਪੈਨਸ਼ਨ ਰਿਵੀਜ਼ਨ ਲਈ ਸੁਪਰੀਮ ਕੋਰਟ ਵਿੱਚ SLP ਦਾਇਰ ਕਰਨ ਤੇ ਤੀਜੀ PRC ਦੀ ਜਾਣਕਾਰੀ ਦਿੱਤੀ। ਮਲੇਰਕੋਟਲਾ ਤੇ ਸੁਨਾਮ ਵਿੱਚ ਨਵੀਆਂ ਬਰਾਂਚਾਂ ਬਣਨ ਤੇ ਧੰਨਵਾਦ ਕੀਤਾ ਗਿਆ,ਬਰਨਾਲਾ ਵਿੱਚ ਜਲਦੀ ਬਰਾਂਚ ਬਣਾਉਣ ਦਾ ਸੱਦਾ ਦਿੱਤਾ ਗਿਆ।ਪਾਲੀ ਰਾਮ ਬਾਂਸਲ ਜੀ ਨੇ ਮੋਬਾਈਲ ਦੇ ਮਾੜੇ ਪ੍ਰਭਾਵਾਂ ਬਾਰੇ ਚੇਤਾਵਨੀ ਦਿੱਤੀ ਗਈ,ਗਾਇਕ ਕੇਵਲ ਸਿੰਘ ਤੇ ਬਹਾਦਰ ਸਿੰਘ ਨੇ ਇਨਕਲਾਬੀ ਤੇ ਦੇਸ਼ ਭਗਤੀ ਦੇ ਗੀਤ ਗਾਏ, ਸ਼ਿਵ ਨਾਰਾਇਣ, ਸ਼ਾਮ ਸੁੰਦਰ ਕੱਟੜ,ਨਵਨੀਤ ਨੇ ਵੀ ਵਿਚਾਰ ਪੇਸ਼ ਕੀਤੇ। 62 ਮੈਂਬਰਾਂ ਨੇ ਸ਼ਿਰਕਤ ਕੀਤੀ, ਜਨਮਦਿਨ ਵਾਲੇ ਸਾਥੀਆਂ ਨੂੰ ਸਨਮਾਨਿਤ ਕੀਤਾ ਗਿਆ।ਸਟੇਜ ਸੰਚਾਲਨ ਸਾਧਾ ਸਿੰਘ ਨੇ ਬਾਖੂਬੀ ਕੀਤਾ।

## ਦੂਨ ਵਾਦੀ ’ਚ ਪੰਜਾਬੀ ਗਾਇਕਾਂ ਨੇ ਬਿਖੇਰੇ ਸੂਫ਼ੀ ਤੇ ਸੱਭਿਆਚਾਰਕ ਗਾਇਕੀ ਦੇ ਰੰਗ

### ਭਾਸ਼ਾ ਵਿਭਾਗ ਪੰਜਾਬ ਦੀ ਸੰਗੀਤਕ ਸ਼ਾਮ ਨੂੰ ਯਾਕੂਬ ਤੇ ਰੰਗਲੇ ਸਰਦਾਰਾਂ ਨੇ ਬਣਾਇਆ ਯਾਦਗਾਰੀ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 5 ਅਕਤੂਬਰ:ਭਾਸ਼ਾ ਵਿਭਾਗ, ਪੰਜਾਬ ਵੱਲੋਂ ‘ਪੰਜਾਬੋਂ ਬਾਹਰ’ ਸਾਹਿਤਕ ਤੇ ਸੱਭਿਆਚਾਰਕ ਸਮਾਗਮਾਂ ਦੀ ਲੜੀ ਤਹਿਤ ਦੇਹਰਾਦੂਨ ਦੀ ਸ. ਭਗਵਾਨ ਸਿੰਘ ਯੂਨੀਵਰਸਿਟੀ ਬਾਲਾਵਾਲਾ ਵਿਖੇ ਸੰਗੀਤਕ ਸ਼ਾਮ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ ਉੱਘੇ ਸੂਫ਼ੀ ਗਾਇਕ ਯਾਕੂਬ ਤੇ ਸੱਭਿਆਚਾਰਕ ਗਾਇਕੀ ਦੇ ਮੁਦਈ ਰੰਗਲੇ ਸਰਦਾਰਾਂ ਦੀ ਟੀਮ ਨੇ ਸਮਾਗਮ ਨੂੰ ਯਾਦਗਾਰੀ ਬਣਾ ਦਿੱਤਾ। ਸਮਾਗਮ ਦੌਰਾਨ ਉੱਤਰਾਖੰਡ ਦੇ ਸੱਭਿਆਚਾਰਕ ਸਕੱਤਰ ਸ੍ਰੀ ਜੁਗਲ ਕਿਸ਼ੋਰ ਪੰਤ ਮੁੱਖ ਮਹਿਮਾਨ ਵਜੋਂ ਪਹੁੰਚੇ। ਗੌਰਵ ਭਾਰਤੀ ਸਿੱਖਿਆ ਸੰਸਥਾਨ ਦੇ ਗਵਰਨਿੰਗ ਕੌਂਸਲ ਮੈਂਬਰ ਪ੍ਰੋ. ਏ.ਐਸ. ਬਰਾੜ, ਸੰਸਥਾਨ ਦੇ ਚੇਅਰਮੈਨ ਐਸ.ਪੀ. ਸਿੰਘ ਤੇ ਪ੍ਰਧਾਨ ਪ੍ਰੋ. ਗੌਰਵਜੀਤ ਸਿੰਘ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ। ਯੂਨੀਵਰਸਿਟੀ ਦੇ ਅਧਿਕਾਰੀਆਂ, ਕਰਮਚਾਰੀਆਂ ਤੇ ਵਿਦਿਆਰਥੀਆਂ ਤੋਂ ਇਲਾਵਾ ਦੇਹਰਾਦੂਨ ਦੇ ਪੰਜਾਬੀ ਭਾਈਚਾਰੇ ਨੇ ਵੀ ਸਮਾਗਮ ’ਚ ਵੱਡੀ ਗਿਣਤੀ ’ਚ ਸ਼ਮੂਲੀਅਤ ਕੀਤੀ। ਮੇਜ਼ਬਾਨ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਜੇ. ਕੁਮਾਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ।

ਸੰਗੀਤਕ ਸ਼ਾਮ ਦੀ ਸ਼ੁਰੂਆਤ ਅੰਮ੍ਰਿਤਸਰ ਤੋਂ ਪੁੱਜੇ ਸੂਫ਼ੀ ਗਾਇਕ ਯਾਕੂਬ ਨੇ ਆਪਣੀ ਸੁਰੀਲੀ ਆਵਾਜ਼ ’ਚ ‘ਆਵੇ ਨੀ ਸਈਓ ਮੈਂ ਵਰ ਪਾਇਆ..’, ‘ਲੰਬੀ ਜੁਦਾਈ’, ‘ਕੱਤਿਆ ਕਰੂ ਤੇਰੀ ਰੂੰ’, ‘ਦਿਲ ਨਹੀਂ ਲੱਗਦਾ ਮੇਰਾ..’, ‘ਸੱਜਣਾਂ ਦਾ ਸਹਾਰਾ ਏ..’, ‘ਕਾਵਾਂ ਸੁਣ ਕਾਵਾਂ..’, ਆਦਿ ਗੀਤਾਂ ਨਾਲ ਸਮਾਗਮ ’ਚ ਸ਼ਾਮਲ ਹਰ ਵਰਗ ਦੇ ਸਰੋਤੇ ਨੂੰ ਝੂੰਮਣ ਲਗਾ ਦਿੱਤਾ। ਯਾਕੂਬ ਨੇ ਸਰੋਤਿਆਂ ਦੀ ਫ਼ਰਮਾਇਸ਼ ’ਤੇ ‘ਦਮਾ-ਦਮ ਮਸਤ ਕਲੰਦਰ’ ਗੀਤ ਨਾਲ ਆਪਣੀ ਪੇਸ਼ਕਾਰੀ ਨੂੰ ਵਿਰਾਮ ਦਿੱਤਾ। ਫਿਰ ‘ਰੰਗਲੇ ਸਰਦਾਰ’ ਟੀਮ ਨੇ ਆਜ਼ਮ ਖਾਨ ਦੀ ਅਗਵਾਈ ’ਚ ਮੰਚ ਸੰਭਾਲਿਆ ਤੇ ਟੀਮ ’ਚ ਸ਼ਾਮਲ ਬਾਕੀ ਗਾਇਕਾਂ ਸਬਰ ਸਿੰਘ ਖੋਖਰ, ਜਸਕਰਨ ਗਿੱਲ ਤੇ ਮਨਿੰਦਰ ਬਰਾੜ ਨਾਲ ਮਿਲ ਕੇ ਆਪਣੇ ਚਰਚਿਤ ਗੀਤ ‘ਕੌਣ ਕਿਸੇ ਦਾ ਕਰਦਾ ਏ..’ ਨਾਲ ਮਿਲ ਕੇ ਸ਼ੁਰੂਆਤ ਕੀਤੀ। ਫਿਰ ਉਨ੍ਹਾਂ ‘ਦੁਨੀਆ ਸੁਣਦੀ ਐ..’, ‘ਸ਼ੁਦੈਣ ਕਰਤਾ..’, ‘ਦੋ ਤਾਰਾ ਵਜਦਾ ਵੇ..’, ‘ਆ ਜਾ ਦੋਵੇਂ ਨੱਚੀਏ..’, ‘ਪਿੰਡ ਦਿਆ ਮੁੰਡਿਆਂ ਦੀ..’ ਗੀਤਾਂ ਨਾਲ ਸਭ ਨੂੰ ਨੱਚਣ ਲਗਾ ਦਿੱਤਾ। ਇਸ ਟੀਮ ਨੇ ਬੋਲੀਆਂ ਪਾ ਕੇ ਸੰਗੀਤਕ ਸ਼ਾਮ ਸਿਖਰ ਤੇ ਪਹੁੰਚਾ ਕੇ ਇਸ ਦੀ ਸਮਾਪਤੀ ਕੀਤੀ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਡਾਇਰੈਕਟਰ ਭਾਸ਼ਾਵਾਂ ਪੰਜਾਬ ਸ. ਜਸਵੰਤ ਸਿੰਘ ਜ਼ਫ਼ਰ ਨੇ ਮਹਿਮਾਨਾਂ ਦਾ ਵਿਭਾਗੀ ਸ਼ਾਲਾਂ ਤੇ ਪੁਸਤਕਾਂ ਦੇ ਸੈੱਟਾਂ ਨਾਲ ਸਨਮਾਨ ਕੀਤਾ। ਮੇਜ਼ਬਾਨ ਯੂਨੀਵਰਸਿਟੀ ਦੇ ਮੈਨੇਜਰ ਜ਼ੋਰਾਵਰ ਸਿੰਘ ਤੇ ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਵੱਖ-ਵੱਖ ਜ਼ਿਲਿਆਂ ਦੇ ਭਾਸ਼ਾ ਅਫ਼ਸਰ ਡਾ. ਅਜੀਤਪਾਲ ਸਿੰਘ ਜਟਾਣਾ ਮੋਗਾ, ਮਨਜੀਤ ਪੁਰੀ ਫ਼ਰੀਦਕੋਟ ਤੇ ਡਾ. ਸੰਦੀਪ ਸ਼ਰਮਾ ਲੁਧਿਆਣਾ, ਪ੍ਰਿੰ. ਰਾਜੇਸ਼ ਮੋਹਨ ਫ਼ਰੀਦਕੋਟ, ਸ਼੍ਰੋਮਣੀ ਕਵੀ ਦਰਸ਼ਨ ਬੁੱਟਰ ਤੇ ਬਲਵਿੰਦਰ ਸੰਧੂ, ਖੋਜ ਅਫ਼ਸਰ ਡਾ. ਸੰਤੋਖ ਸਿੰਘ, ਡਾ. ਸੁਖਦਰਸ਼ਨ ਸਿੰਘ ਚਹਿਲ, ਡਾ. ਮਨਜਿੰਦਰ ਸਿੰਘ ਤੇ ਹਰਪ੍ਰੀਤ ਸਿੰਘ, ਲਿਖਾਰੀ ਕੁਮਾਰ ਜਗਦੇਵ ਸਿੰਘ ਬਰਾੜ ਸਮੇਤ ਡੈਲੀਗੇਟਸ ਤੇ ਲੇਖਕ ਹਾਜ਼ਰ ਸਨ। ਤਸਵੀਰ:- ਭਾਸ਼ਾ ਵਿਭਾਗ ਪੰਜਾਬ ਵੱਲੋਂ ਦੇਹਰਾਦੂਨ ਵਿਖੇ ਕਰਵਾਈ ਗਈ ਸੰਗੀਤਕ ਸ਼ਾਮ ’ਚ ਸ਼ਾਮਲ ਕਲਾਕਾਰਾਂ ਦਾ ਸਨਮਾਨ ਕਰਦੇ ਹੋਏ ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ, ਨਾਲ ਹਨ ਸ਼੍ਰੋਮਣੀ ਕਵੀ ਦਰਸ਼ਨ ਬੁੱਟਰ ਤੇ ਪ੍ਰਬੰਧਕ।

## ਫਰੀਮੌਂਟ ਵਿੱਚ 26ਵੀਂ ਵਿਸ਼ਵ ਪੰਜਾਬੀ ਸਾਹਿਤਕ ਕਾਨਫਰੰਸ: ਪੰਜਾਬੀ ਭਾਸ਼ਾ, ਸਾਹਿਤ ਅਤੇ ਨਵੀਂ ਪੀੜ੍ਹੀ ਦੇ ਭਵਿੱਖ ਬਾਰੇ ਹੋਇਆ ਗੰਭੀਰ ਸੰਵਾਦ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਫਰੀਮੌਂਟ 5 ਅਕਤੂਬਰ : ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਵੱਲੋਂ ਬੀਤੇ ਐਤਵਾਰ ਫਰੀਮੌਂਟ ਵਿਖੇ 26ਵੀਂ ਵਿਸ਼ਵ ਪੰਜਾਬੀ ਸਾਹਿਤਕ ਕਾਨਫਰੰਸ ਬੜੇ ਉਤਸ਼ਾਹ ਅਤੇ ਮਾਂ-ਬੋਲੀ ਪ੍ਰਤੀ ਡੂੰਘੀ ਵਚਨਬੱਧਤਾ ਨਾਲ ਕਰਵਾਈ ਗਈ। ਕਾਨਫਰੰਸ ਵਿੱਚ ਭਾਰਤ, ਪਾਕਿਸਤਾਨ, ਕੈਨੇਡਾ, ਯੂ.ਕੇ. ਅਤੇ ਅਮਰੀਕਾ ਤੋਂ ਨਾਮਵਰ ਵਿਦਵਾਨਾਂ, ਲੇਖਕਾਂ, ਕਵੀਆਂ ਅਤੇ ਸਾਹਿਤ-ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਸਮੁੱਚੀ ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ ਦੇ ਵਰਤਮਾਨ, ਸਾਹਿਤ ਦੇ ਸਰੋਕਾਰਾਂ ਅਤੇ ਨਵੀਂ ਪੀੜ੍ਹੀ ਤੱਕ ਪੰਜਾਬੀ ਨੂੰ ਪਹੁੰਚਾਉਣ ਦੀਆਂ ਚੁਣੌਤੀਆਂ ਬਾਰੇ ਗੰਭੀਰ ਅਤੇ ਸਾਰਥਕ ਵਿਚਾਰ-ਵਟਾਂਦਰਾ ਹੋਇਆ।

ਕਾਨਫਰੰਸ ਦੀ ਸ਼ੁਰੂਆਤ ਵਿੱਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਕੁਲਵਿੰਦਰ ਨੇ ਆਏ ਹੋਏ ਤਮਾਮ ਮਹਿਮਾਨਾਂ, ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਹਿੰਦਿਆਂ ਅਕੈਡਮੀ ਦੇ ਮਕਸਦ ਅਤੇ ਸਰਗਰਮੀਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਉਪਰੰਤ ਅਕੈਡਮੀ ਵੱਲੋਂ ਸਾਲ 2025 ਅਤੇ 2026 ਦੌਰਾਨ ਕੀਤੀਆਂ ਗਈਆਂ ਵਰਨਣਯੋਗ ਸਾਹਿਤਕ ਸਰਗਰਮੀਆਂ ’ਤੇ ਆਧਾਰਿਤ ਇੱਕ ਵਿਸ਼ੇਸ਼ ਡਾਕੂਮੈਂਟਰੀ ਪ੍ਰਦਰਸ਼ਿਤ ਕੀਤੀ ਗਈ।



ਪ੍ਰਸਿੱਧ ਗ਼ਜ਼ਲ ਗਾਇਕ ਸੁਖਦੇਵ ਸਾਹਿਲ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਗ਼ਜ਼ਲਾਂ ਅਤੇ ਗੀਤਾਂ ਦੀ ਪੇਸ਼ਕਾਰੀ ਨਾਲ ਕਾਨਫਰੰਸ ਦਾ ਆਗਾਜ਼ ਕੀਤਾ। ਇਸ ਤੋਂ ਬਾਅਦ ਚਾਰਲਸ ਲਿਓਡ ਨੇ ਸਿਤਾਰ ਵਾਦਨ ਰਾਹੀਂ ਸਰੋਤਿਆਂ ਨੂੰ ਸੰਗੀਤਕ ਰਸ ਨਾਲ ਜੋੜਿਆ। ਸੁਖਦੇਵ ਸਾਹਿਲ ਦਾ ਅਕੈਡਮੀ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

ਕਾਨਫਰੰਸ ਨੂੰ ਚਾਰ ਮਹੱਤਵਪੂਰਨ ਸੈਸ਼ਨਾਂ ਵਿੱਚ ਵੰਡਿਆ ਗਿਆ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵੱਖ-ਵੱਖ ਪੱਖਾਂ ਨੂੰ ਵਿਚਾਰ-ਚਰਚਾ ਦੇ ਕੇਂਦਰ ਵਿੱਚ ਲਿਆਂਦਾ।

ਪਹਿਲਾ ਸੈਸ਼ਨ ‘ਪੰਜਾਬ, ਭਾਰਤ ਅਤੇ ਵਿਦੇਸ਼ ਵਿੱਚ ਪੰਜਾਬੀ ਭਾਸ਼ਾ ਦਾ ਵਿਕਾਸ ਅਤੇ ਚੁਣੌਤੀਆਂ’ ਵਿਸ਼ੇ ’ਤੇ ਕੇਂਦਰਿਤ ਸੀ। ਇਸ ਸੈਸ਼ਨ ਦੇ ਮੁੱਖ ਮਹਿਮਾਨ ਡਾ. ਜਸਵੀਰ ਗਿੱਲ ਸਨ ਅਤੇ ਪ੍ਰਧਾਨਗੀ ਡਾ. ਨਬੀਲਾ ਰਹਿਮਾਨ ਨੇ ਕੀਤੀ। ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਮੁੱਖ ਵਕਤਾ ਵਜੋਂ ਪੰਜਾਬੀ ਭਾਸ਼ਾ ਦੇ ਵਿਕਾਸ, ਇਸ ਦੇ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਅਤੇ ਵਿਦੇਸ਼ਾਂ ਵਿੱਚ ਪੰਜਾਬੀ ਦੇ ਭਵਿੱਖ ਬਾਰੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਖਾਸ ਤੌਰ ’ਤੇ ਦੋਵਾਂ ਪੰਜਾਬਾਂ ਦੇ ਸੰਦਰਭ ਵਿੱਚ ਪੰਜਾਬੀ ਭਾਸ਼ਾ ਨਾਲ ਜੁੜੇ ਭਾਵਨਾਤਮਕ, ਇਤਿਹਾਸਕ ਅਤੇ ਵਿਹਾਰਕ ਪੱਖਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਉਭਾਰਿਆ।

ਦੂਜਾ ਸੈਸ਼ਨ ‘ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਸਾਂਝੀ ਬੋਲੀ ਦਾ ਇਤਿਹਾਸ, ਚੁਣੌਤੀਆਂ ਅਤੇ ਭਵਿੱਖ’ ਵਿਸ਼ੇ ਨੂੰ ਸਮਰਪਿਤ ਸੀ। ਇਸ ਦੇ ਮੁੱਖ ਮਹਿਮਾਨ ਡਾ. ਰਾਜੇਸ਼ ਸ਼ਰਮਾ ਸਨ ਅਤੇ ਪ੍ਰਧਾਨਗੀ ਡਾ. ਆਤਮ ਸਿੰਘ ਰੰਧਾਵਾ ਨੇ ਕੀਤੀ। ਮੁੱਖ ਬੁਲਾਰੇ ਡਾ. ਨਬੀਲਾ ਰਹਿਮਾਨ ਨੇ ਪੰਜਾਬੀ ਭਾਸ਼ਾ ਦੇ ਸਾਂਝੇ ਇਤਿਹਾਸ, ਦੋਵਾਂ ਪੰਜਾਬਾਂ ਵਿੱਚ ਇਸ ਦੀ ਸਥਿਤੀ ਅਤੇ ਮੌਜੂਦਾ ਚੁਣੌਤੀਆਂ ਬਾਰੇ ਵਿਸਥਾਰ ਨਾਲ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਲਹਿੰਦੇ ਪੰਜਾਬ ਵਿੱਚ ਪੰਜਾਬੀ ਗ਼ਜ਼ਲ ਦੇ ਵਿਕਾਸ ਅਤੇ ਇਸ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਵਿਸ਼ੇਸ਼ ਤੌਰ ’ਤੇ ਜ਼ਿਕਰ ਕੀਤਾ। ਇਸ ਸੈਸ਼ਨ ਨੇ ਵੰਡ ਦੇ ਬਾਵਜੂਦ ਪੰਜਾਬੀ ਭਾਸ਼ਾ ਦੀ ਸਾਂਝੀ ਵਿਰਾਸਤ ਅਤੇ ਸਾਹਿਤਕ ਰਿਸ਼ਤਿਆਂ ਨੂੰ ਨਵੇਂ ਸੰਦਰਭ ਵਿੱਚ ਸਮਝਣ ਦਾ ਮੌਕਾ ਦਿੱਤਾ।

ਤੀਜਾ ਸੈਸ਼ਨ ‘ਸਾਹਿਤ ਅਤੇ ਸਾਹਿਤਕਾਰ’ ਵਿਸ਼ੇ ’ਤੇ ਹੋਇਆ। ਪ੍ਰਸਿੱਧ ਸ਼ਾਇਰ ਜਸਵਿੰਦਰ ਇਸ ਸੈਸ਼ਨ ਦੇ ਮੁੱਖ ਮਹਿਮਾਨ ਸਨ, ਜਦਕਿ ਪ੍ਰਧਾਨਗੀ ਡਾ. ਗੁਰਪ੍ਰੀਤ ਧੁੱਗਾ ਨੇ ਕੀਤੀ। ਮੁੱਖ ਬੁਲਾਰੇ ਡਾ. ਰਾਜੇਸ਼ ਸ਼ਰਮਾ ਨੇ ਸਾਹਿਤ ਦੀ ਪਰਿਭਾਸ਼ਾ, ਸਾਹਿਤਕਾਰ ਦੀ ਭੂਮਿਕਾ ਅਤੇ ਸਾਹਿਤ ਦੇ ਸਮਾਜ ਨਾਲ ਰਿਸ਼ਤੇ ਸਮੇਤ ਕਈ ਅਹਿਮ ਪੱਖਾਂ ’ਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਸੈਸ਼ਨ ਵਿੱਚ ਸਾਹਿਤ ਨੂੰ ਕੇਵਲ ਮਨੋਰੰਜਨ ਜਾਂ ਸ਼ਬਦਾਂ ਦੀ ਕਲਾਤਮਕ ਬਣਤਰ ਦੀ ਬਜਾਏ ਸਮਾਜਿਕ ਚੇਤਨਾ, ਮਨੁੱਖੀ ਸੰਵੇਦਨਾ ਅਤੇ ਸਮੇਂ ਦੀ ਗਵਾਹੀ ਵਜੋਂ ਵੇਖਣ ’ਤੇ ਜ਼ੋਰ ਦਿੱਤਾ ਗਿਆ।

ਚੌਥਾ ਸੈਸ਼ਨ ‘ਨਵੀਂ ਪੀੜ੍ਹੀ ਅਤੇ ਅਮਰੀਕਾ ਵਿੱਚ ਪੰਜਾਬੀ ਭਾਸ਼ਾ ਦਾ ਪ੍ਰਸਾਰ ਅਤੇ ਸਿੱਖਿਆ’ ਵਿਸ਼ੇ ਨੂੰ ਸਮਰਪਿਤ ਸੀ। ਇਸ ਦੇ ਮੁੱਖ ਮਹਿਮਾਨ ਬਲਵਿੰਦਰ ਲਾਲੀ ਧਨੋਆ ਸਨ ਅਤੇ ਪ੍ਰਧਾਨਗੀ ਡਾ. ਪਿਆਰਾ ਸਿੰਘ ਕੁੱਦੋਵਾਲ ਨੇ ਕੀਤੀ। ਇਸ ਸੈਸ਼ਨ ਦੀ ਵਿਸ਼ੇਸ਼ਤਾ ਇਹ ਰਹੀ ਕਿ ਨਵੀਂ ਪੀੜ੍ਹੀ ਨਾਲ ਸਬੰਧਤ ਕੁਝ ਬੱਚਿਆਂ ਨੇ ਖੁਦ ਪੰਜਾਬੀ ਭਾਸ਼ਾ ਸਿੱਖਣ ਦੇ ਆਪਣੇ ਤਜਰਬੇ ਅਤੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੀਆਂ ਗੱਲਾਂ ਨੇ ਇਹ ਅਹਿਸਾਸ ਕਰਵਾਇਆ ਕਿ ਵਿਦੇਸ਼ੀ ਧਰਤੀ ’ਤੇ ਪੰਜਾਬੀ ਦੀ ਅਗਲੀ ਪੀੜ੍ਹੀ ਨਾਲ ਸਾਂਝ ਬਣਾਉਣ ਲਈ ਪਰਿਵਾਰ, ਸਕੂਲ ਅਤੇ ਸਾਹਿਤਕ ਸੰਸਥਾਵਾਂ ਦੀ ਭੂਮਿਕਾ ਕਿੰਨੀ ਮਹੱਤਵਪੂਰਨ ਹੈ।

ਇਨ੍ਹਾਂ ਸਾਰੇ ਸੈਸ਼ਨਾਂ ਦੌਰਾਨ ਡਾ. ਮੋਨੋਜੀਤ ਸਿੰਘ ਜੰਮੂ, ਡਾ. ਪ੍ਰਿਥੀਪਾਲ ਸਿੰਘ ਸੋਹੀ, ਡਾ. ਸੁਖਵਿੰਦਰ ਕੰਬੋਜ, ਭੁਪਿੰਦਰ ਮੱਲੀ, ਸੁਰਿੰਦਰ ਸੀਰਤ ਅਤੇ ਡਾ. ਬਲਜਿੰਦਰ ਸਵੈਚ ਨੇ ਵੀ ਵੱਖ-ਵੱਖ ਵਿਸ਼ਿਆਂ ਦੇ ਸੰਦਰਭ ਵਿੱਚ ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ, ਇਸ ਦੇ ਸਾਹਮਣੇ ਖੜ੍ਹੀਆਂ ਚੁਣੌਤੀਆਂ, ਸਾਹਿਤ ਦੀ ਸਮਾਜਿਕ ਭੂਮਿਕਾ ਅਤੇ ਵਿਦੇਸ਼ਾਂ ਵਿੱਚ ਨਵੀਂ ਪੀੜ੍ਹੀ ਤੱਕ ਪੰਜਾਬੀ ਨੂੰ ਪਹੁੰਚਾਉਣ ਦੇ ਤਰੀਕਿਆਂ ਬਾਰੇ ਆਪਣੇ ਅਨੁਭਵ ਅਤੇ ਵਿਚਾਰ ਸਾਂਝੇ ਕੀਤੇ।

ਕਾਨਫਰੰਸ ਦਾ ਅੰਤਿਮ ਪੜਾਅ ਸ਼ਾਇਰੀ ਦੇ ਰੰਗਾਂ ਨਾਲ ਸਰਸ਼ਾਰ ਸੀ। ਇੱਕ ਵਿਸ਼ਾਲ ਕਵੀ ਦਰਬਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਜਸਵਿੰਦਰ ਨੇ ਕੀਤੀ ਅਤੇ ਪਾਕਿਸਤਾਨ ਦੀ ਨਾਮਵਰ ਸ਼ਾਇਰਾ ਤਾਹਿਰਾ ਸਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਮੁਕੇਸ਼ ਸ਼ਰਮਾ, ਗੁਰਪ੍ਰੀਤ ਸੋਹਲ (ਸਿਆਟਲ), ਲਖਵਿੰਦਰ ਕੌਰ ਲੱਕੀ, ਨਛੱਤਰ ਭੋਗਲ (ਇੰਗਲੈਂਡ), ਸੰਤੋਖ ਮਿਨਹਾਸ, ਅਮਰਜੀਤ ਸਿੰਘ ਜੌਹਲ, ਅਮਰਜੀਤ ਕੌਰ ਪੰਨੂੰ, ਅਮਰ ਸੂਫ਼ੀ, ਹਰਿੰਦਰ ਕੌਰ ਸੋਹੀ, ਪਿਆਰਾ ਸਿੰਘ ਕੁੱਦੋਵਾਲ, ਬਲਦੇਵ ਬਾਵਾ, ਡਾ ਬਿਕਰਮ ਸੋਹੀ, ਹਰਪ੍ਰੀਤ ਕੌਰ ਧੂਤ, ਕੁਲਵੰਤ ਸੇਖੋਂ, ਮਨਦੀਪ ਗੋਰਾ, ਦਿਲ ਨਿੱਜਰ, ਹਰਜੀਤ ਹਠੂਰ, ਗਗਨਦੀਪ ਮਾਹਲ, ਅੰਜੂ ਮੀਰਾ, ਹਰਜਿੰਦਰ ਮੱਟੂ, ਰਾਜਵੰਤ ਰਾਜ, ਹਰਜਿੰਦਰ ਕੰਗ, ਡਾ ਅੰਬਰੀਸ਼, ਸੁਰਜੀਤ ਸਖੀ, ਹਰਦਮ ਮਾਨ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਜਸਵੀਰ ਗਿੱਲ, ਤਾਹਿਰਾ ਸਰਾ ਅਤੇ ਸ਼ਾਇਰ ਜਸਵਿੰਦਰ ਨੇ ਆਪਣੀਆਂ ਗ਼ਜ਼ਲਾਂ, ਨਜ਼ਮਾਂ ਅਤੇ ਗੀਤਾਂ ਨਾਲ ਬੌਧਿਕ ਮਾਹੌਲ ਵਿੱਚ ਕਾਵਿਕ ਰਸ ਘੋਲ ਦਿੱਤਾ।

ਇਹਨਾਂ ਤੋ ਇਲਾਵਾ ਕਾਕਾ ਕਲੇਰ, ਸੁੱਖ ਗਿੱਲ, ਆਜ਼ੀਮ ਤੱਤਲਾ, ਗੁਲਸ਼ਨ ਦਿਆਲ, ਕਰਨੈਲ ਸਿੰਘ ਕੈਲ, ਐਸ਼ ਕੁਮ ਐਸ਼, ਚਰਨਜੀਤ ਸਿੰਘ ਪੰਨੂ, ਗੁਰਦੀਪ ਕਲਾਲਵਾਲਾ, ਜਸਵੰਤ ਸ਼ਾਦ, ਤਾਰਾ ਸਿੰਘ ਸਾਗਰ, ਮਨਜੀਤ ਕੌਰ ਸੇਖੋਂ, ਜੋਤ ਰਣਜੀਤ, ਹਰਜੀਤ ਹਮਸਫ਼ਰ, ਡਾ ਗੁਰਪ੍ਰੀਤ ਧੁੱਗਾ, ਸ਼ਾਇਰ ਕੁਲਵਿੰਦਰ, ਜਗਜੀਤ ਨੌਸ਼ਹਿਰਵੀ ਅਤੇ ਲਾਜ ਨੀਲਮ ਸੈਣੀ ਨੇ ਕਵੀ ਦਰਬਾਰ ਵਿੱਚ ਕਵੀਆਂ ਦੀ ਰਚਨਾਵਾਂ ਮਾਣੀਆਂ ਪਰ ਵਕਤ ਦੀ ਘਾਟ ਕਾਰਣ ਆਪਣਾ ਕਲਾਮ ਨਾ ਪੇਸ਼ ਕਰ ਸਕੇ। ਕਵੀ ਦਰਬਾਰ ਦੀ ਪ੍ਰਧਾਨਗੀ ਕੁਲਵਿੰਦਰ, ਸੁਰਿੰਦਰ ਸੀਰਤ, ਸੁਰਜੀਤ ਸਖੀ, ਸੁਖਵਿੰਦਰ ਕੰਬੋਜ, ਰਾਜਵੰਤ ਰਾਜ, ਡਾ ਅੰਬਰੀਸ਼ ਅਤੇ ਹਰਦਮ ਮਾਨ ਨੇ ਕੀਤੀ।

ਇਸ ਮੌਕੇ ਨਵੇਂ ਸਾਹਿਤਕ ਹਰਫ਼ਾਂ ਨੂੰ ਜੀ ਆਇਆਂ ਕਹਿੰਦਿਆਂ ਕੁਝ ਅਹਿਮ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ ਅਤੇ ਆਏ ਹੋਏ ਵਿਦਵਾਨਾਂ ਤੇ ਸਾਹਿਤਕਾਰਾਂ ਦਾ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ। ਕਾਨਫਰੰਸ ਦੀ ਸਫ਼ਲਤਾ ਪਿੱਛੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ, ਨੀਲਮ ਲਾਜ ਸੈਣੀ, ਡਾ. ਹਰਿੰਦਰ ਕੌਰ ਸੋਹੀ, ਆਸ਼ਾ ਸ਼ਰਮਾ ਅਤੇ ਹਰਜਿੰਦਰ ਕੰਗ ਦਾ ਸੁਚੱਜਾ ਅਤੇ ਭਾਵਪੂਰਤ ਮੰਚ ਸੰਚਾਲਨ ਸੀ, ਜਿਨ੍ਹਾਂ ਨੇ ਪੂਰੇ ਪ੍ਰੋਗਰਾਮ ਨੂੰ ਇੱਕ ਲੜੀ ਵਿੱਚ ਪਰੋਈ ਰੱਖਿਆ।

ਸਮੁੱਚੇ ਤੌਰ ’ਤੇ ਇਹ ਕਾਨਫਰੰਸ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਸ਼ਵ ਪੱਧਰੀ ਸਰੋਕਾਰਾਂ ਨੂੰ ਸਮਝਣ, ਦੋਵਾਂ ਪੰਜਾਬਾਂ ਦੀ ਸਾਂਝੀ ਭਾਸ਼ਾਈ ਵਿਰਾਸਤ ਨੂੰ ਯਾਦ ਕਰਨ ਅਤੇ ਵਿਦੇਸ਼ਾਂ ਵਿੱਚ ਪਲ ਰਹੀ ਨਵੀਂ ਪੀੜ੍ਹੀ ਨਾਲ ਪੰਜਾਬੀ ਦਾ ਰਿਸ਼ਤਾ ਹੋਰ ਮਜ਼ਬੂਤ ਕਰਨ ਵੱਲ ਇੱਕ ਸਾਰਥਕ ਉਪਰਾਲਾ ਸਾਬਤ ਹੋਈ।

# ਦੁਸਾਂਝ ਕਲਾਂ ਤੋਂ ਮਿਲਾਨ ਤੱਕ—ਇੱਕ ਪਿੰਡ ਦੀ ਗਲੀ ਦਾ ਮੁੰਡਾ ਜਦੋਂ ਦੁਨੀਆ ਦੇ ਦਿਲ ਵਿੱਚ ਵੱਜਿਆ






ਕਈ ਵਾਰ ਜ਼ਿੰਦਗੀ ਵਿੱਚ ਕੋਈ ਐਸਾ ਪਲ ਆ ਜਾਂਦਾ ਹੈ, ਜਿਹੜਾ ਅੱਖਾਂ ਸਾਹਮਣੇ ਤਾਂ ਕੁਝ ਮਿੰਟਾਂ ਲਈ ਵਾਪਰਦਾ ਹੈ, ਪਰ ਮਨ ਦੇ ਅੰਦਰ ਸਾਲਾਂ-ਬੱਧੀ ਚੱਲਦਾ ਰਹਿੰਦਾ ਹੈ। 5 ਸਤੰਬਰ ਦੀ ਮਿਲਾਨ ਵਾਲੀ ਰਾਤ ਮੇਰੇ ਲਈ ਵੀ ਐਸਾ ਹੀ ਇੱਕ ਪਲ ਸੀ।

ਮੈਂ ਦਿਲਜੀਤ ਦੁਸਾਂਝ ਦਾ ਸ਼ੋਅ ਵੇਖਣ ਗਿਆ ਸੀ, ਪਰ ਮੁੜਿਆ ਤਾਂ ਲੱਗਾ ਜਿਵੇਂ ਮਿਲਾਨ ਤੋਂ ਮੈਂ ਆਪਣੇ ਨਾਲ ਦੁਸਾਂਝ ਕਲਾਂ ਦਾ ਇੱਕ ਪੂਰਾ ਪਿੰਡ ਚੁੱਕ ਲਿਆਇਆ ਹਾਂ।

ਲਾਈਟਾਂ ਬੁੱਝ ਗਈਆਂ ਸਨ। ਸਟੇਜ ਖਾਲੀ ਹੋ ਗਿਆ ਸੀ। ਲੋਕ ਆਪੋ-ਆਪਣੇ ਘਰਾਂ ਨੂੰ ਮੁੜ ਰਹੇ ਸਨ। ਪਰ ਮੇਰੇ ਅੰਦਰ ਕੁਝ ਅਜੇ ਵੀ ਨੱਚ ਰਿਹਾ ਸੀ।

ਉਹ ਸੀ—ਮੇਰਾ ਪਿੰਡ।

## ਜਿਸਨੂੰ ਦੁਨੀਆ ਸਟਾਰ ਆਖਦੀ, ਮੇਰੇ ਲਈ ਉਹ ਪਿੰਡ ਦਾ ਮੁੰਡਾ

ਅੱਜ ਦਿਲਜੀਤ ਦੁਸਾਂਝ ਦਾ ਨਾਂ ਦੁਨੀਆ ਦੇ ਵੱਡੇ ਕਲਾਕਾਰਾਂ ਵਿੱਚ ਲਿਆ ਜਾਂਦਾ ਹੈ। ਗਾਇਕੀ ਹੋਵੇ, ਅਦਾਕਾਰੀ ਹੋਵੇ, ਫੈਸ਼ਨ ਹੋਵੇ ਜਾਂ ਦੁਨੀਆ ਦੇ ਵੱਡੇ ਸਟੇਜ—ਉਹਨੇ ਆਪਣੀ ਇੱਕ ਵੱਖਰੀ ਥਾਂ ਬਣਾਈ ਹੈ।

ਪਰ ਮੇਰੇ ਲਈ ਇਸ ਸਾਰੇ ਤੋਂ ਪਹਿਲਾਂ ਇੱਕ ਹੋਰ ਪਛਾਣ ਆਉਂਦੀ ਹੈ।

ਦੁਸਾਂਝ ਕਲਾਂ ਦਾ ਮੁੰਡਾ।

ਮੈਂ ਉਹਨੂੰ ਉਸ ਵੇਲੇ ਤੋਂ ਜਾਣਦਾ ਹਾਂ ਜਦੋਂ ਨਾ ਮਿਲਾਨ ਸੀ, ਨਾ Aura ਸੀ, ਨਾ ਦੁਨੀਆ ਦੇ ਵੱਡੇ ਸਟੇਜ।

ਉਦੋਂ ਸਾਡੀ ਦੁਨੀਆ ਹੀ ਸਾਡਾ ਪਿੰਡ ਸੀ।

ਗਲੀਆਂ ਸਨ, ਖੇਤ ਸਨ, ਸਕੂਲ ਦਾ ਮੈਦਾਨ ਸੀ, ਮੇਲੇ ਸਨ ਤੇ ਉਹਨਾਂ ਵਿੱਚ ਘੁੰਮਦੇ ਸਾਡੇ ਆਪਣੇ ਚਿਹਰੇ ਸਨ।

ਅੱਜ ਉਹੀ ਮੁੰਡਾ ਹਜ਼ਾਰਾਂ ਮੀਲ ਦੂਰ ਮਿਲਾਨ ਵਿੱਚ ਖੜ੍ਹਾ ਸੀ ਤੇ ਹਜ਼ਾਰਾਂ ਲੋਕ ਉਹਦੇ ਇੱਕ ਇਸ਼ਾਰੇ ਨਾਲ ਆਪਣੀਆਂ ਬਾਂਹਾਂ ਹਵਾ ਵਿੱਚ ਚੁੱਕ ਰਹੇ ਸਨ।

ਮੈਂ ਬੈਠਾ ਵੇਖ ਰਿਹਾ ਸੀ।

ਤੇ ਅੰਦਰੋਂ ਇੱਕ ਆਵਾਜ਼ ਆ ਰਹੀ ਸੀ—

"ਓਏ, ਇਹ ਤਾਂ ਆਪਣਾ ਦਿਲਜੀਤ ਆ।"

## ਮਿਲਾਨ ਦੀ ਧਰਤੀ 'ਤੇ ਪੰਜਾਬ ਦੀ ਧੜਕਣ

Unipol Forum ਦਾ ਉਹ ਵਿਸ਼ਾਲ ਹਾਲ ਲੋਕਾਂ ਨਾਲ ਭਰਿਆ ਪਿਆ ਸੀ। ਪੰਜਾਬੀ ਸਨ, ਭਾਰਤੀ ਸਨ, ਪਾਕਿਸਤਾਨੀ ਸਨ, ਬੰਗਲਾਦੇਸ਼ੀ ਸਨ ਤੇ ਇਟਾਲੀਅਨ ਵੀ।

ਕੋਈ ਦੂਰ ਬਰੇਸ਼ੀਆ ਤੋਂ ਆਇਆ ਸੀ, ਕੋਈ ਬੇਰਗਾਮੋ ਤੋਂ, ਕੋਈ ਪਾਦੋਵਾ ਤੋਂ ਤੇ ਕੋਈ ਪਾਰਮਾ ਤੋਂ।

ਸਭ ਦੇ ਚਿਹਰਿਆਂ 'ਤੇ ਇੱਕੋ ਉਡੀਕ ਸੀ।

ਫਿਰ ਸਟੇਜ ਦੀਆਂ ਲਾਈਟਾਂ ਜਗੀਆਂ।

ਦਿਲਜੀਤ ਆਇਆ।

ਤੇ ਅਗਲੇ ਪਲ ਮਿਲਾਨ ਨਹੀਂ ਸੀ ਰਹੀ—ਪੰਜਾਬ ਹੋ ਗਿਆ ਸੀ।

ਤਾਲੀਆਂ ਦੀ ਆਵਾਜ਼, ਗੀਤਾਂ ਦੇ ਬੋਲ, ਢੋਲ ਦੀ ਧੁਨ ਤੇ ਹਜ਼ਾਰਾਂ ਲੋਕਾਂ ਦਾ ਇਕੱਠਿਆਂ ਨੱਚਣਾ... ਇਹ ਸਭ ਵੇਖਦਿਆਂ ਮੈਨੂੰ ਵਾਰ-ਵਾਰ ਲੱਗਦਾ ਰਿਹਾ ਕਿ ਇਹ ਮੁੰਡਾ ਇਕੱਲਾ ਨਹੀਂ ਖੜ੍ਹਾ।

ਉਹਦੇ ਪਿੱਛੇ ਉਹ ਪਿੰਡ ਖੜ੍ਹਾ ਹੈ, ਜਿੱਥੋਂ ਉਹ ਤੁਰਿਆ ਸੀ।

## ਚਮਕੀਲਾ ਮੁੜ ਮਿਲਾਨ ਵਿੱਚ ਚਮਕਿਆ

ਸ਼ੋਅ ਦੀ ਸ਼ੁਰੂਆਤ ਚਮਕੀਲੇ ਦੇ ਗੀਤਾਂ ਨਾਲ ਹੋਈ ਤਾਂ ਮਨ ਇੱਕ ਪਲ ਲਈ ਅੱਜ ਤੋਂ ਪਿੱਛੇ ਮੁੜ ਗਿਆ।

ਪੰਜਾਬੀ ਸੰਗੀਤ ਦੇ ਉਸ ਮਹਾਨ ਕਲਾਕਾਰ ਦੀ ਯਾਦ, ਜਿਸਦੀ ਆਵਾਜ਼ ਨੇ ਇੱਕ ਸਮੇਂ ਪੰਜਾਬ ਦੇ ਪਿੰਡਾਂ ਨੂੰ ਹਿਲਾ ਦਿੱਤਾ ਸੀ, ਅੱਜ ਇਟਲੀ ਦੀ ਧਰਤੀ 'ਤੇ ਫਿਰ ਗੂੰਜ ਰਹੀ ਸੀ।

ਦਲਜੀਤ ਨੇ ਚਮਕੀਲੇ ਨੂੰ ਸਿਰਫ਼ ਗਾਇਆ ਨਹੀਂ।

ਮੈਨੂੰ ਲੱਗਿਆ, ਉਹਨੇ ਚਮਕੀਲੇ ਨੂੰ ਇੱਕ ਨਵੀਂ ਪੀੜ੍ਹੀ ਦੇ ਸਾਹਮਣੇ ਮੁੜ ਖੜ੍ਹਾ ਕਰ ਦਿੱਤਾ।

ਮਿਲਾਨ ਵਿੱਚ ਬੈਠੇ ਕਈ ਲੋਕ ਸ਼ਾਇਦ ਚਮਕੀਲੇ ਨੂੰ ਕਦੇ ਵੇਖਿਆ ਵੀ ਨਾ ਹੋਵੇ। ਪਰ ਉਸ ਰਾਤ ਉਸਦੇ ਬੋਲ ਉਹਨਾਂ ਦੀਆਂ ਜ਼ੁਬਾਨਾਂ 'ਤੇ ਸਨ।

ਇਹੀ ਤਾਂ ਕਲਾ ਦੀ ਉਮਰ ਹੁੰਦੀ ਹੈ।

ਕਲਾਕਾਰ ਚਲਾ ਜਾਂਦਾ ਹੈ, ਪਰ ਆਵਾਜ਼ ਰਹਿ ਜਾਂਦੀ ਹੈ।

## ਦਿਲਜੀਤ ਨੱਚਿਆ ਤਾਂ ਮੈਨੂੰ ਗੁੱਗੂ ਯਾਦ ਆ ਗਿਆ

ਦਿਲਜੀਤ ਦਾ ਭੰਗੜਾ ਵੇਖਦਿਆਂ ਮੇਰਾ ਮਨ ਅਚਾਨਕ ਦੁਸਾਂਝ ਕਲਾਂ ਦੀਆਂ ਗਲੀਆਂ ਵਿੱਚ ਜਾ ਵੜਿਆ।

ਮੈਨੂੰ ਆਪਣਾ ਗੁੱਗੂ ਜੋ ਕਿ ਦਲਜੀਤ ਦੇ ਸਕੇ ਤਾਏ ਦਾ ਮੁੰਡਾ ਯਾਦ ਆ ਗਿਆ—ਸਾਡੇ ਪਿੰਡ ਦੀ ਭੰਗੜਾ ਟੀਮ ਦਾ ਕਪਤਾਨ।

ਉਹੀ ਖੁੱਲ੍ਹੀਆਂ ਬਾਂਹਾਂ।

ਉਹੀ ਪੈਰਾਂ ਦੀ ਥਾਪ।

ਉਹੀ ਸਰੀਰ ਦਾ ਤਾਲ ਨਾਲ ਝੂਮਣਾ।

ਮਿਲਾਨ ਦੇ ਸਟੇਜ 'ਤੇ ਦਿਲਜੀਤ ਨੂੰ ਨੱਚਦਿਆਂ ਵੇਖ ਕੇ ਮੈਨੂੰ ਲੱਗਾ ਜਿਵੇਂ ਪਿੰਡ ਦਾ ਪੁਰਾਣਾ ਭੰਗੜਾ ਕਿਸੇ ਨਵੇਂ ਰੂਪ ਵਿੱਚ ਮੇਰੇ ਸਾਹਮਣੇ ਆ ਗਿਆ ਹੋਵੇ।

ਬੰਦਾ ਪਿੰਡ ਤੋਂ ਦੂਰ ਜਾ ਸਕਦਾ ਹੈ, ਪਿੰਡ ਬੰਦੇ ਤੋਂ ਦੂਰ ਨਹੀਂ ਜਾਂਦਾ।

ਕਿਤੇ ਨਾ ਕਿਤੇ ਉਹਦੇ ਅੰਦਰ ਆਪਣੀ ਮਿੱਟੀ ਦੀ ਖੁਸ਼ਬੂ ਬਚੀ ਰਹਿੰਦੀ ਹੈ।

## ਇੱਕ ਹਾਕੀ ਦੀ ਸਟਿੱਕ ਤੋਂ ਹਜ਼ਾਰਾਂ ਉੱਠੀਆਂ ਬਾਂਹਾਂ ਤੱਕ

ਉਸ ਰਾਤ ਇੱਕ ਹੋਰ ਤਸਵੀਰ ਮੇਰੇ ਮਨ ਵਿੱਚ ਵਾਰ-ਵਾਰ ਉੱਭਰਦੀ ਰਹੀ।

ਦੁਸਾਂਝ ਕਲਾਂ ਦਾ ਸਕੂਲ।

ਮੈਦਾਨ।

ਹਾਕੀ ਖੇਡਦਾ ਬਲਬੀਰ ਸਿੰਘ ਦੋਸਾਂਝ।

ਗੋਲ ਹੋਣ 'ਤੇ ਹੱਥ ਵਿੱਚ ਹਾਕੀ ਦੀ ਸਟਿੱਕ ਉੱਚੀ ਹੁੰਦੀ ਹੋਵੇਗੀ।

ਕਿਸੇ ਨੇ ਉਦੋਂ ਨਹੀਂ ਸੋਚਿਆ ਹੋਣਾ ਕਿ ਇਸੇ ਘਰ ਦਾ ਇੱਕ ਮੁੰਡਾ ਇੱਕ ਦਿਨ ਹਜ਼ਾਰਾਂ ਮੀਲ ਦੂਰ ਜਾ ਕੇ ਹਜ਼ਾਰਾਂ ਲੋਕਾਂ ਦੀਆਂ ਬਾਂਹਾਂ ਹਵਾ ਵਿੱਚ ਚੁਕਵਾ ਦੇਵੇਗਾ।

ਉਦੋਂ ਇੱਕ ਹਾਕੀ ਦੀ ਸਟਿੱਕ ਉੱਠੀ ਸੀ।
ਅੱਜ ਹਜ਼ਾਰਾਂ ਬਾਂਹਾਂ ਉੱਠ ਰਹੀਆਂ ਸਨ।

ਵਕਤ ਦੀ ਆਪਣੀ ਵੀ ਇੱਕ ਲਿਖਤ ਹੁੰਦੀ ਹੈ।

## ਮਾਪਿਆਂ ਨਾਲ ਹੋਈ ਗੱਲ ਤੇ ਮਿਲਾਨ ਦੀ ਉਹ ਰਾਤ

ਪਿਛਲੇ ਸਾਲ ਮੈਨੂੰ ਦਿਲਜੀਤ ਦੇ ਮਾਪਿਆਂ ਨੂੰ ਲੁਧਿਆਣੇ ਮਿਲਣ ਦਾ ਮੌਕਾ ਮਿਲਿਆ ਸੀ।

ਬੈਠ ਕੇ ਦਿਲਜੀਤ ਦੀ ਗਾਇਕੀ, ਭਵਿੱਖ ਤੇ ਪਿੰਡ ਦੀਆਂ ਗੱਲਾਂ ਹੋਈਆਂ ਸਨ।

ਉਦੋਂ ਦਿਲਜੀਤ ਦੀ ਕਾਮਯਾਬੀ ਬਾਰੇ ਗੱਲ ਕਰਨਾ ਇੱਕ ਗੱਲ ਸੀ।

ਪਰ 5 ਸਤੰਬਰ ਦੀ ਰਾਤ ਉਸ ਕਾਮਯਾਬੀ ਨੂੰ ਆਪਣੀਆਂ ਅੱਖਾਂ ਨਾਲ ਵੇਖਣਾ ਹੋਰ ਗੱਲ ਸੀ।

ਜਿਹੜੀ ਗੱਲ ਉਦੋਂ ਗੱਲਬਾਤ ਵਿੱਚ ਸੀ, ਉਹ ਅੱਜ ਮਿਲਾਨ ਦੇ ਸਟੇਜ 'ਤੇ ਹਕੀਕਤ ਬਣ ਕੇ ਖੜ੍ਹੀ ਸੀ।

ਦੁਸਾਂਝ ਕਲਾਂ ਦਾ ਮੁੰਡਾ ਹੁਣ ਸਿਰਫ਼ ਪਿੰਡ ਦੀ ਗੱਲ ਨਹੀਂ ਸੀ ਰਹਿ ਗਿਆ—ਉਹ ਦੁਨੀਆ ਦੀ ਗੱਲ ਬਣ ਚੁੱਕਾ ਸੀ।

## ਮਿਲਣ ਦੀ ਤਾਂਘ ਰਹੀ, ਪਰ ਮੁਲਾਕਾਤ ਨਾ ਹੋਈ

ਇਸ ਸਾਰੀ ਖੁਸ਼ੀ ਦੇ ਵਿਚਕਾਰ ਮਨ ਵਿੱਚ ਇੱਕ ਨਿੱਕੀ ਜਿਹੀ ਕਸਕ ਵੀ ਸੀ।

ਮੈਂ ਉਹਨੂੰ ਮਿਲਣਾ ਚਾਹੁੰਦਾ ਸੀ।

ਚਾਰ ਦਿਨ ਟੀਮ ਦੇ ਮੈਂਬਰਾਂ ਨਾਲ ਸੰਪਰਕ ਕਰਦਾ ਰਿਹਾ। ਗੱਲਾਂ ਹੋਈਆਂ। ਆਸ ਬਣੀ ਕਿ ਮਿਲਾ ਦੇਣਗੇ।

ਪਰ ਅਖੀਰ ਮੁਲਾਕਾਤ ਨਾ ਹੋ ਸਕੀ।

ਸੁਰੱਖਿਆ ਦੇ ਘੇਰੇ ਬਹੁਤ ਸਖ਼ਤ ਸਨ।

ਮੈਂ ਦੂਰੋਂ ਉਹਨੂੰ ਵੇਖਿਆ।

ਬਸ ਐਨਾ ਹੀ।

ਪਰ ਦਿਲ ਨੇ ਫਿਰ ਵੀ ਆਖਿਆ—

"ਚੱਲ, ਅੱਜ ਨਹੀਂ ਤਾਂ ਕਦੇ ਹੋਰ ਸਹੀ... ਆਪਣਾ ਮੁੰਡਾ ਕਿਤੇ ਭੱਜਿਆ ਨਹੀਂ।"

ਸ਼ਾਇਦ ਬਚਪਨ ਦੇ ਰਿਸ਼ਤਿਆਂ ਵਿੱਚ ਇਹੀ ਗੱਲ ਹੁੰਦੀ ਹੈ। ਦੂਰੀ ਕਿੰਨੀ ਵੀ ਹੋਵੇ, ਆਪਣਾਪਣ ਆਪਣੀ ਥਾਂ ਖੜ੍ਹਾ ਰਹਿੰਦਾ ਹੈ।

## ਇਸ ਵਾਰ ਮੈਂ ਪੱਤਰਕਾਰ ਨਹੀਂ ਸੀ

ਮੈਂ ਇਟਲੀ ਵਿੱਚ ਸਾਲਾਂ ਤੋਂ ਪੰਜਾਬੀ ਕਲਾਕਾਰਾਂ ਦੇ ਪ੍ਰੋਗਰਾਮ ਕਵਰ ਕਰਦਾ ਆ ਰਿਹਾ ਹਾਂ।

ਪੱਤਰਕਾਰ ਦੀ ਜ਼ਿੰਦਗੀ ਵਿੱਚ ਬਹੁਤ ਸ਼ੋਅ ਆਉਂਦੇ ਨੇ ਤੇ ਲੰਘ ਜਾਂਦੇ ਨੇ।

ਪਰ ਇਸ ਵਾਰ ਗੱਲ ਹੋਰ ਸੀ।

ਇਸ ਵਾਰ ਮੈਂ ਕਿਸੇ ਅਖ਼ਬਾਰ ਲਈ ਖ਼ਬਰ ਬਣਾਉਣ ਨਹੀਂ ਗਿਆ ਸੀ।

ਮੈਂ ਆਪਣੀ ਜੇਬ ਵਿੱਚੋਂ ਟਿਕਟ ਖਰੀਦ ਕੇ ਆਪਣੇ ਪਿੰਡ ਦੇ ਮੁੰਡੇ ਨੂੰ ਵੇਖਣ ਗਿਆ ਸੀ।

ਇਸੇ ਕਰਕੇ ਸ਼ਾਇਦ ਉਸ ਰਾਤ ਮੇਰੇ ਅੰਦਰ ਪੱਤਰਕਾਰ ਘੱਟ ਤੇ ਦੁਸਾਂਝ ਕਲਾਂ ਦਾ ਬੰਦਾ ਵੱਧ ਬੈਠਾ ਸੀ।

## ਇੱਕ ਇਟਾਲੀਅਨ ਪ੍ਰਸ਼ੰਸਕ ਤੇ Ik Onkar ਉਸ ਰਾਤ ਇੱਕ ਹੋਰ ਗੱਲ ਨੇ ਮੇਰਾ ਧਿਆਨ ਖਿੱਚਿਆ।

ਇੱਕ ਇਟਾਲੀਅਨ ਪ੍ਰਸ਼ੰਸਕ ਨੇ ਆਪਣੇ ਸਰੀਰ ਉੱਤੇ Ik Onkar ਦੇ ਨਾਲ ਦਲਜੀਤ ਦਾ ਨਾਂ ਵੀ ਲਿਖਿਆ ਹੋਇਆ ਸੀ। ਦਲਜੀਤ ਨੇ ਇਸ ਮੌਕੇ 'ਤੇ ਸਪਸ਼ਟ ਕੀਤਾ ਕਿ ਉਹ Ik Onkar ਦੇ ਬਰਾਬਰ ਨਹੀਂ।

ਮੈਨੂੰ ਇਹ ਗੱਲ ਚੰਗੀ ਲੱਗੀ।

ਕਿਉਂਕਿ ਕਲਾਕਾਰ ਜਿੰਨਾ ਮਰਜ਼ੀ ਵੱਡਾ ਹੋ ਜਾਵੇ, ਆਪਣੇ ਤੋਂ ਵੱਡੀ ਉਸ ਰੂਹਾਨੀ ਵਿਰਾਸਤ ਨੂੰ ਪਛਾਣਨਾ ਉਸਦੀ ਆਪਣੀ ਵਡਿਆਈ ਹੁੰਦੀ ਹੈ।

ਉਸ ਪਲ ਮੈਨੂੰ ਲੱਗਿਆ ਕਿ ਦੁਸਾਂਝ ਕਲਾਂ ਦਾ ਇਹ ਮੁੰਡਾ ਸਿਰਫ਼ ਗੀਤ ਨਹੀਂ ਵੇਚ ਰਿਹਾ—ਉਹ ਆਪਣੀ ਪਛਾਣ ਵੀ ਦੁਨੀਆ ਦੇ ਸਾਹਮਣੇ ਲੈ ਕੇ ਤੁਰ ਰਿਹਾ ਹੈ।

## ਰਾਤ ਮੁੱਕ ਗਈ, ਪਰ ਪਿੰਡ ਅੰਦਰ ਜਾਗਦਾ ਰਿਹਾ

ਸ਼ੋਅ ਮੁੱਕਣ ਤੋਂ ਲਗਭਗ ਇੱਕ ਘੰਟੇ ਬਾਅਦ ਮੈਂ ਬੈਠ ਗਿਆ।

ਕਲਮ ਚੁੱਕੀ।

ਤੇ ਲਿਖਣਾ ਸ਼ੁਰੂ ਕਰ ਦਿੱਤਾ।

ਸ਼ਾਇਦ ਇਸੇ ਕਰਕੇ ਉਹ ਲਿਖਤ ਖ਼ਬਰ ਨਾ ਬਣ ਸਕੀ।

ਉਹ ਮੇਰੀ ਉਸ ਰਾਤ ਦੀ ਅੰਦਰਲੀ ਆਵਾਜ਼ ਬਣ ਗਈ।

ਮੈਂ ਖੁਸ਼ ਸੀ।

ਬਹੁਤ ਖੁਸ਼।

ਕਿਉਂਕਿ ਮੇਰੇ ਪਿੰਡ ਦਾ ਮੁੰਡਾ ਮਿਲਾਨ ਵਿੱਚ ਹਜ਼ਾਰਾਂ ਲੋਕਾਂ ਨੂੰ ਨਚਾ ਕੇ ਗਿਆ ਸੀ।

ਪਰ ਅੰਦਰ ਕਿਤੇ ਇੱਕ ਛੋਟੀ ਜਿਹੀ ਉਦਾਸੀ ਵੀ ਸੀ ਕਿ ਜਿਹੜੇ ਬੰਦੇ ਨੂੰ ਮਿਲਣ ਦੀ ਇੰਨੀ ਤਾਂਘ ਲੈ ਕੇ ਗਿਆ ਸੀ, ਉਹਨੂੰ ਗਲ ਲਾ ਕੇ ਮਿਲ ਨਾ ਸਕਿਆ।

ਸ਼ਾਇਦ ਇਹ ਦੋਵੇਂ ਭਾਵਨਾਵਾਂ ਰਲ ਕੇ ਹੀ ਉਹ ਲੇਖ ਬਣ ਗਈਆਂ।

## ਪਿੰਡ ਛੋਟਾ ਸੀ, ਸੁਪਨਾ ਵੱਡਾ ਨਿਕਲਿਆ

ਦੁਸਾਂਝ ਕਲਾਂ ਕੋਈ ਮਿਲਾਨ ਨਹੀਂ।

ਨਾ ਉੱਥੇ ਐਨੇ ਵੱਡੇ ਸਟੇਜ ਨੇ, ਨਾ ਐਨੀਆਂ ਚਮਕਦਾਰ ਲਾਈਟਾਂ।

ਪਰ ਉਸ ਪਿੰਡ ਦੀ ਮਿੱਟੀ ਵਿੱਚ ਵੀ ਸੁਪਨੇ ਉੱਗਦੇ ਨੇ।

ਇੱਕ ਮੁੰਡਾ ਉਸ ਮਿੱਟੀ ਵਿੱਚੋਂ ਉੱਠਿਆ।

ਗੀਤ ਗਾਏ।

ਅਦਾਕਾਰੀ ਕੀਤੀ।

ਆਪਣੀ ਬੋਲੀ ਨੂੰ ਆਪਣੀ ਪਛਾਣ ਬਣਾਇਆ।

ਤੇ ਅੱਜ ਦੁਨੀਆ ਦੇ ਵੱਡੇ ਸ਼ਹਿਰਾਂ ਵਿੱਚ ਪੰਜਾਬੀ ਗੂੰਜ ਰਹੀ ਹੈ।

## ਮਿਲਾਨ ਦੀ ਉਸ ਰਾਤ ਮੈਨੂੰ ਵਾਰ-ਵਾਰ ਇੱਕੋ ਗੱਲ ਮਹਿਸੂਸ ਹੋਈ—

ਦੁਸਾਂਝ ਕਲਾਂ ਤੋਂ ਤੁਰਿਆ ਉਹ ਮੁੰਡਾ ਅੱਜ ਭਾਵੇਂ ਦੁਨੀਆ ਦਾ ਹੋ ਗਿਆ ਏ, ਪਰ ਪਿੰਡ ਦੀ ਅੱਖ ਵਿੱਚ ਉਹ ਅਜੇ ਵੀ ਆਪਣਾ ਹੀ ਆ।

ਅਖੀਰ ਵਿੱਚ ਸ਼ਾਇਦ ਕਿਸੇ ਪਿੰਡ ਲਈ ਇਸ ਤੋਂ ਵੱਡੀ ਖੁਸ਼ੀ ਹੋਰ ਕੋਈ ਨਹੀਂ ਹੁੰਦੀ ਕਿ ਉਸਦਾ ਪੁੱਤ ਦੁਨੀਆ ਜਿੱਤ ਲਵੇ, ਪਰ ਪਿੰਡ ਉਸਨੂੰ ਆਪਣਾ ਆਖਣ ਦਾ ਹੱਕ ਨਾ ਗੁਆਵੇ।

ਉਸ ਰਾਤ ਮਿਲਾਨ ਵਿੱਚ ਦਲਜੀਤ ਦੁਸਾਂਝ ਨਹੀਂ ਗੂੰਜਿਆ ਸੀ ਸਿਰਫ਼—

ਦੁਸਾਂਝ ਕਲਾਂ ਗੂੰਜਿਆ ਸੀ।

ਤੇ ਮੈਂ ਦੂਰ ਬੈਠਾ ਸੋਚ ਰਿਹਾ ਸੀ—

"ਓਏ ਦਿਲਜੀਤ ਆ... ਤੂੰ ਤਾਂ ਸੱਚੀਂ ਆਪਣੇ ਪਿੰਡ ਦੀ ਮਿੱਟੀ ਨੂੰ ਦੁਨੀਆ ਦੇ ਨਕਸ਼ੇ 'ਤੇ ਲਾ ਕੇ ਆ ਗਿਆ ਏਂ।"